**MERIDIAN HEALTH SYSTEM, INC.**
**(ਮੈਰੀਡਿਅਨ ਸਿਹਤ ਵਿਵਸਥਾ ਨਿਗਮੀਕਰਣ)**
**ਨੀਤੀ ਦਸਤਾਵੇਜ਼**

# ਵਿੱਤੀ ਸਹਾਇਤਾ ,ਐਮਰਜੈਂਸੀ ਦੇਖਭਾਲ ,ਅਤੇ ਸਿਸਟਮ ਦੇ ਕੁਝ ਹਸਪਤਾਲਾਂ ਦੁਆਰਾ ਲਗਾਏ ਗਏ ਖ਼ਰਚਿਆਂ ਨੂੰ ਸੀਮਿਤ ਕਰਨ ਬਾਰੇ ਨੀਤੀ

| | | | |
|---|---|---|---|
| ਪਰਭਾਵੀ ਹੋਣ ਦੀ ਤਾਰੀਖ਼: | 01ਜੁਲਾਈ2012 | ਨੀਤੀ ਨੰਬਰ: | 0080-PACOMP-MH |
| ਸੋਧਣ ਦੀ ਤਾਰੀਖ਼: | 30ਜੂਨ2016 | ਮਨਜ਼ੂਰ ਕੀਤੀ ਗਈ: | VP ਮਰੀਜ਼ ਵਿੱਤੀ ਸੇਵਾਵਾਂ |
| ਅਗਲੀ ਸਮੀਖਿਆ ਦੀ ਤਾਰੀਖ਼: | 30ਸਤੰਬਰ2016 | ਅੰਤਰ-ਹਵਾਲਾ: | 0081-PACOMP-MH |

## I. ਉਦੇਸ਼

ਇਹ ਪੱਕਾ ਕਰਨ ਲਈ ਕਿ ਮੈਰੀਡਿਅਨ ਹੈਲਥ ਸਿਸਟਮ, ਇੰਕ. Meridian Health System, Inc. **("Meridian Health," ਮੈਰੀਡਿਅਨ ਸਿਹਤ ਵਿਵਸਥਾ ਨਿਗਮੀਕਰਣ)** ਅਤੇ ਇਸ ਨਾਲ ਸੰਬੰਧਿਤ ਸਹਾਇਕ ਕੰਪਨੀਆਂ ਦੀ ਮਲਕੀਅਤ ਵਾਲੇ ਕਈ ਲਾਇਸੇਂਸਧਾਰੀ ਹਸਪਤਾਲ (ਸਾਮੂਹਿਕ ਤੌਰ ਤੇ ਇੱਥੇ "ਸਿਸਟਮ" ਅਤੇ ਹਰੇਕ ਸਹਾਇਕ ਕੰਪਨੀ ਦਾ ਇੱਥੇ ਇੱਕ "**ਸਿਸਟਮ ਸੰਸਥਾ**" ਦੇ ਤੌਰ ਤੇ ਜ਼ਿਕਰ ਕੀਤਾ ਗਿਆ ਹੈ) ਵਿੱਤੀ ਸਹਾਇਤਾ ਦੇ ਲਈ ਯੋਗ ਮਰੀਜ਼ਾਂ ਨੂੰ ਐਮਰਜੈਂਸੀ ਮੈਡੀਕਲ ਦੇਖਭਾਲ, ਵਿੱਤੀ ਸਹਾਇਤਾ, ਅਤੇ ਖ਼ਰਚਿਆਂ ਦੀਆਂ ਸੀਮਾਵਾਂ ਦੇ ਪ੍ਰਾਵਧਾਨ ਦਾ ਸੰਚਾਲਨ ਕਰਨ ਤੇ ਲਾਗੂ ਹੋਣ ਵਾਲੇ ਰਾਜ ਅਤੇ ਸੰਘੀ ਕਾਨੂੰਨਾਂ ਦੀ ਪਾਲਣਾ ਕਰਦੇ ਹਨ।ਇਹ ਨੀਤੀ ਸਿਸਟਮ ਦੇ ਅੰਦਰ ਹੇਠਾਂ ਦਿੱਤੇ ਲਾਇਸੇਂਸਧਾਰੀ ਹਸਪਤਾਲ ਸੁਵਿਧਾਵਾਂ ਤੇ ਲਾਗੂ ਹੋਵੇਗੀ (ਹੋਰ ਸਿਸਟਮ ਹਸਪਤਾਲ ਸੁਵਿਧਾਵਾਂ ਵੱਖ ਨੀਤੀਆਂ ਦੇ ਅਧੀਨ ਹਨ):

- Bayshore Community Hospital (Holmdel) (ਬੇਸ਼ੋਰ ਕਮਯੂਨਿਟੀ ਹਾਸਪਿਟਲ, (ਹੋਲਮਡੇਲ))
- Jersey Shore University Medical Center (Neptune) (ਜਰਸੀ ਸ਼ੋਰ ਯੂਨੀਵਰਸਿਟੀ ਮੈਡੀਕਲ ਸੈਂਟਰ, (ਨੈਪਚੂਨ))
- K. Hovnanian Children's Hospital (Neptune) (ਕੇ. ਹੋਵਨਾਨਿਅਨ ਚਿਲਡਰਨਸ ਹਾਸਪਿਟਲ (ਨੈਪਚੂਨ))
- Ocean Medical Center, (Brick) (ਓਸ਼ਿਅਨ ਮੈਡੀਕਲ ਸੈਂਟਰ (ਬ੍ਰਿਕ))
- Raritan Bay Medical Center (Old Bridge and Perth Amboy) (ਰੈਰੀਟਨ ਬੇ ਮੈਡੀਕਲ ਸੈਂਟਰ (ਓਲਡ ਬ੍ਰਿਜ਼ ਐਂਡ ਪਰਥ ਐਮਬੋਏ))
- Riverview Medical Center (Red Bank) (ਰਿਵਰਵੀਯੂ ਮੈਡੀਕਲ ਸੈਂਟਰ (ਰੈਡ ਬੈਂਕ))
- Southern Ocean Medical Center (Manahawkin) (ਸਦਰਨ ਓਸ਼ਿਅਨ ਮੈਡੀਕਲ ਸੈਂਟਰ (ਮਨਾਹੌਕਿਨ))

ਇਸ ਨੀਤੀ ਦੇ ਉਦੇਸ਼ ਤੋਂ" ,ਮਰੀਜ਼ "ਸ਼ਬਦ ਦਾ ਅਰਥ ਮੈਡੀਕਲ ਦੇਖਭਾਲ ਪ੍ਰਾਪਤ ਕਰ ਰਹੇ ਵਿਅਕਤੀ ਜਾਂ ਉਸਦੇ ਜਾਂ ਉਸਦੀ ਗਾਰੰਟਰ ਤੋਂ ਹੈ।

## II. ਐਮਰਜੈਂਸੀ ਇਲਾਜ

ਇਹ ਵਿਵਸਥਾ, ਇਸ ਦੀਆਂ ਸੁਵਿਧਾਵਾਂ ਅਤੇ ਦਾਖ਼ਲ ਕਰਨ ਦਾ ਅਧਿਕਾਰ ਰੱਖਣ ਵਾਲੇ ਸਾਰੇ ਡਾਕਟਰਾਂ, ਜਿਸ ਵਿੱਚ ਈ-ਆਰ, ਟ੍ਰਾਮਾ, ਰੇਡੀਓਲੋਜੀ, ਪੈਥੋਲੋਜੀ, ਐਨੇਸਥਿਸਿਓਲੋਜੀ, ਜਾਂ ਡਾਕਟਰੀ ਤੌਰ ਤੇ ਜ਼ਰੂਰੀ ਦੇਖਭਾਲ ਪ੍ਰਦਾਨ ਕਰਨ ਵਾਲੇ ਕਿਸੇ ਹੋਰ ਪ੍ਰਦਾਤਾ ਦੀ ਨੀਤੀ ਹੈ ਕਿ ਇੱਕ ਮੈਡੀਕਲ ਸਕਰੀਨਿੰਗ ਜਾਂਚ ਅਤੇ ਅਜਿਹਾ ਕੋਈ ਹੋਰ ਇਲਾਜ ਹੈ, ਜੋ ਇਲਾਜ ਦੀ ਮੰਗ ਕਰਨ ਐਮਰਜੈਂਸੀ ਵਿਭਾਗ ਵਿੱਚ ਆਏ ਕਿਸੇ ਵੀ ਵਿਅਕਤੀ ਦੀ ਐਮਰਜੈਂਸੀ ਮੈਡੀਕਲ ਹਾਲਤ ਨੂੰ ਸਥਿਰ ਕਰਨ ਲਈ ਜ਼ਰੂਰੀ ਹੋ ਸਕਦਾ ਹੈ, ਦਿੰਦੇ ਵੇਲੇ ਫੈਡਰਲ ਐਮਰਜੈਂਸੀ ਮੈਡੀਕਲ ਇਲਾਜ ਅਤੇ ਸਰਗਰਮ ਲੇਬਰ ਐਕਟ, 1986 ("**EMTALA**”) ਅਤੇ ਇਸ ਦੇ ਅਨੁਸਾਰੀ ਨਿਯਮਾਂ ਦੇ ਮਿਆਰਾਂ ਦੀ ਪਾਲਣਾ ਕਰਨ, ਭਾਵੇਂ ਉਸ ਵਿਅਕਤੀ ਦੀ ਮੈਡੀਕਲ ਜਾਂ ਮਾਨਸਿਕ ਹਾਲਤ, ਨਸਲ, ਧਰਮ, ਉਮਰ, ਲਿੰਗ, ਰੰਗ, ਰਾਸ਼ਟਰੀ ਮੂਲ, ਇਮੀਗ੍ਰੇਸ਼ਨ (ਆਵਾਸ) ਦੀ ਸਥਿਤੀ, ਜਿਨਸੀ (ਲਿੰਗੀ ) ਪਸੰਦ, ਅਪਾਹਜਤਾ ਜਾਂ ਭੁਗਤਾਨ ਕਰਨ ਦੀ ਸਮਰੱਥਾ ਕੋਈ ਵੀ ਕਿਉਂ ਨਾ ਹੋਵੇ।ਮੈਰੀਡਿਅਨ ਹੈਲਥ (Meridian Health) ਐਮਰਜੈਂਸੀ ਦੇਖਭਾਲ ਦੀ ਮੰਗ ਕਰ ਰਹੇ ਵਿਅਕਤੀਆਂ ਨੂੰ ਨਿਰਾਸ਼ ਕਰਨ ਵਾਲੀਆਂ ਕਾਰਵਾਈਆਂ ਦੀ ਸਖ਼ਤ ਮਨਾਹੀ ਕਰਦਾ ਹੈ, ਜਿਵੇਂ ਕਿ (i) ਐਮਰਜੈਂਸੀ ਵਿਭਾਗ ਵਿੱਚ ਇਲਾਜ ਤੋਂ ਪਹਿਲਾਂ ਭੁਗਤਾਨ ਕਰਨ ਨੂੰ ਜ਼ਰੂਰੀ ਬਣਾਉਣਾ, ਜਾ (ii) ਐਮਰਜੈਂਸੀ ਦੇਖਭਾਲ ਦੇ ਪ੍ਰਾਵਧਾਨ ਵਿੱਚ ਦਖ਼ਲ ਦੇਣ ਲਈ ਕਰਜ਼ਾ ਵਸੂਲੀ ਕਰਨ ਵਾਲੀਆਂ ਗਤੀਵਿਧੀਆਂ।

## III. ਵਿੱਤੀ ਸਹਾਇਤਾ

ਵਿਵਸਥਾ , ਇਸ ਦੀਆਂ ਸਹਾਇਕ ਕੰਪਨੀਆਂ, ਅਤੇ ਮਰੀਜ਼ਾਂ ਨੂੰ ਨੈਦਾਨਿਕ ਦੇਖਭਾਲ ਦੇਣ ਲਈ ਨੌਕਰੀ ਤੇ ਰੱਖੇ ਗਏ ਜਾਂ ਇਕਰਾਰਨਾਮੇ ਵਾਲਾ ਕੋਈ ਡਾਕਟਰ (ਜਿਸ ਵਿੱਚ ਐਮਰਜੈਂਸੀ ਵਿਭਾਗ, ਟ੍ਰੋਮਾ, ਰੇਡੀਓਲੋਜੀ, ਪੈਥੋਲੋਜੀ, ਐਨਿਸਥੀਸਿਓਲੋਜੀ, ਜਾਂ ਹਸਪਤਾਲ ਅਤੇ ਇਨਟੇਨਸਿਵ ਕੇਅਰ ਵਿੱਚ ਕੰਮ ਕਰਨ ਵਾਲੇ) ਇਸ ਨੀਤੀ ਦੀ ਪਾਲਣਾ ਕਰਨਗੇ।ਹਸਪਤਾਲ ਦੁਆਰਾ ਵਿਭਾਗ ਦੀ ਭਾਗੀਦਾਰੀ ਦੀ ਇੱਕ ਪੂਰੀ ਸੂਚੀ ਲਈ ਐਕਜ਼ਿਬਿਟ A )ਪ੍ਰਮਾਣ ਅ( ਵੇਖੋ।

ਵਿਵਸਥਾ ਮਰੀਜ਼ਾਂ ਨੂੰ ਕਈ ਤਰੀਕਿਆਂ ਨਾਲ ਵਿੱਤੀ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਕੁਝ ਸੰਘੀ ਅਤੇ ਰਾਜ ਦੇ ਪ੍ਰੋਗਰਾਮ ਅਨੁਸਾਰੀ, NJ (ਨਿਊ ਜਰਸੀ) ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ ("ਚੈਰਿਟੀ ਕੇਅਰ"), ਅਤੇ ਬਿਨਾਂ ਬੀਮੇ ਵਾਲੇ ਮਰੀਜ਼ਾਂ ਨੂੰ ਛੂਟਾਂ ਦੇਣ ਦਾ ਵਿਵਸਥਾ ਦਾ ਪ੍ਰਾਵਧਾਨ ਸ਼ਾਮਲ ਹਨ।

ਚੈਰਿਟੀ ਕੇਅਰ ਉਨ੍ਹਾਂ ਲੋਕਾਂ ਲਈ ਮੌਜੂਦ ਹੈ ਜੋ ਰਾਜ ਜਾਂ ਸੰਘੀ ਪ੍ਰੋਗਰਾਮਾਂ ਲਈ ਯੋਗ ਨਹੀਂ ਹਨ। ਉਹ ਮਰੀਜ਼ ਜੋ ਸੰਘੀ ਗਰੀਬੀ ਦੇ ਪੱਧਰ (ਫੈਡਰਲ ਪਾਵਰਟੀ ਲੈਵਲ-ਫ਼. ਪ. ਲ.) ਦੇ 300% ਤੱਕ ਕਮਾਈ ਕਰ ਰਹੇ ਹਨ, ਉਹ NJAC 10:52, ਉਪ ਅਧਿਆਇ 11, 12, 13 ਵਿੱਚ ਸਥਾਪਤ ਨਿਯਮਾਂ ਦੇ ਅਨੁਸਾਰ ਨਿਊ ਜਰਸੀ (NJ) ਦੇ ਚੈਰਿਟੀ ਕੇਅਰ ਪ੍ਰੋਗਰਾਮ ਲਈ ਯੋਗ ਹਨ।NJ ਚੈਰਿਟੀ ਕੇਅਰ ਪ੍ਰੋਗਰਾਮ ਅਧੀਨ ਕਵਰੇਜ ਲਈ ਯੋਗ ਵਿਅਕਤੀਆਂ ਲਈ ਦਾਅਵੇ NJ ਹੈਲਥ ਕੇਅਰ ਸਬਸਿਡੀ (ਅਨੁਦਾਨ) ਰਾਹਤ ਫੰਡ ਦੁਆਰਾ ਨਿਪਟਾਏ ਜਾਂਦੇ ਹਨ।ਚੈਰਿਟੀ ਕੇਅਰ ਖਾਤੇ ਕੁੱਲ ਖ਼ਰਚੇ 'ਤੇ ਸਬਸਿਡੀ ਮੁੱਲ ਨਿਰਧਾਰਨ ਲਈ ਨਿਊ ਜਰਸੀ ਸਟੇਟ ਨੂੰ ਰਿਪੋਰਟ ਕੀਤੇ ਜਾਂਦੇ ਹਨ।

ਬਿਨਾਂ ਬੀਮੇ ਵਾਲੀਆਂ ਬਿਲਿੰਗ ਸੀਮਾਵਾਂ NJ P.L.2008 c.60 ਦੇ ਅਨੁਸਾਰ ਹਨ।ਮਰੀਜ਼ ਜੋ ਰਾਜ ਜਾਂ ਸੰਘੀ ਸਿਹਤ ਬੀਮਾ ਪ੍ਰੋਗਰਾਮਾਂ ਜਾਂ NJ ਚੈਰਿਟੀ ਕੇਅਰ ਪ੍ਰੋਗਰਾਮ ਲਈ ਯੋਗ ਨਹੀਂ ਹੁੰਦੇ ਹਨ, ਉਹ ਛੂਟ ਵਾਲੀਆਂ ਦਰਾਂ ਤੇ ਬਿਨਾਂ ਬੀਮੇ ਵਾਲੇ ਮੁੱਲ ਨਿਰਧਾਰਨ ਲਈ ਯੋਗ ਹੁੰਦੇ ਹਨ।

ਸਿਸਟਮ ਦੀਆਂ ਸੰਸਥਾਵਾਂ ਇਹ ਪੱਕਾ ਕਰਨਗੀਆਂ ਕਿ ਕੋਈ ਵੀ ਮਰੀਜ਼ ਜੋ ਇਸ ਨੀਤੀ ਦੇ ਤਹਿਤ ਚੈਰਿਟੀ ਕੇਅਰ ਜਾਂ ਬਿਨਾਂ ਬੀਮੇ ਵਾਲੇ ਛੂਟਾਂ ਪਾਉਣ ਦੇ ਯੋਗ ਹੈ ਉਸਨੂੰ ਆਮ ਤੌਰ ਤੇ ਅਜਿਹੀ ਦੇਖਭਾਲ ਨੂੰ ਕਵਰ ਕਰਨ ਵਾਲੇ ਬੀਮੇ ਵਾਲੇ ਵਿਅਕਤੀਆਂ ਨੂੰ ਬਿਲ ਕੀਤੀ ਜਾਣ ਵਾਲੀਆਂ ਧਨ-ਰਾਸ਼ੀਆਂ (ਅ ਜੀ ਬ) ਤੋਂ ਵੱਧ ਬਿੱਲ ਨਹੀਂ ਕੀਤਾ ਜਾ ਰਿਹਾ ਹੈ।ਚੈਰਿਟੀ ਕੇਅਰ ਪ੍ਰਾਪਤ ਕਰਨ ਯੋਗ ਮਰੀਜ਼ਾਂ ਦੇ ਮਾਮਲੇ ਵਿੱਚ, AGB (ਅ ਜੀ ਬ) ਦਾ ਨਿਰਧਾਰਨ ਉਸ ਵੇਲੇ ਪਰਭਾਵੀ ਮੈਡੀਕੇਡ ਦਰਾਂ ਦੀ ਵਰਤੋਂ ਕਰਕੇ ਕੀਤਾ ਜਾਏਗਾ।ਬਿਨਾਂ ਬੀਮੇ ਵਾਲੇ ਛੂਟਾਂ ਪ੍ਰਾਪਤ ਕਰਨ ਦੇ ਯੋਗ ਮਰੀਜ਼ਾਂ ਦੇ ਮਾਮਲੇ ਵਿੱਚ, AGB ਦਾ ਨਿਰਧਾਰਨ ਉਸ ਵੇਲੇ ਪਰਭਾਵੀ ਮੈਡੀਕੇਅਰ ਫੀਸ-ਲਈ-ਸੇਵਾ ਦਰਾਂ ਦੀ ਵਰਤੋਂ ਕਰਕੇ ਕੀਤਾ ਜਾਏਗਾ।ਇੱਕ ਬਿਲਿੰਗ ਬਿਓਰਾ ਭੱਤੇ, ਛੂਟਾਂ, ਅਤੇ ਕਟੌਤੀਆਂ ਲਈ ਇੱਕ ਸ਼ੁਰੂਆਤੀ ਪੁਆਇੰਟ ਦੇ ਤੌਰ ਤੇ ਕੁੱਲ ਖ਼ਰਚੇ ਨੂੰ ਦੱਸੇਗਾ।

ਸਾਰੇ ਬਿਨਾਂ ਬੀਮੇ ਵਾਲੇ ਮਰੀਜ਼ਾਂ ਦੀ ਇੱਕ ਮੈਰੀਡਿਅਨ ਹੈਲਥ ਵਿੱਤੀ ਸਹਾਇਤਾ ਸਲਾਹਕਾਰ ਦੁਆਰਾ ਇਹ ਨਿਰਧਾਰਤ ਕਰਨ ਲਈ ਜਾਂਚ ਕੀਤੀ ਜਾਏਗੀ ਕਿ ਕੀ ਉਹ ਚੈਰਿਟੀ ਕੇਅਰ ਦੇ ਨਿਰਧਾਰਨ ਤੋਂ ਪਹਿਲਾਂ ਬੀਮੇ ਦੇ ਯੋਗ ਹਨ।ਜਾਂਚ ਕਾਰਵਾਈ ਤਾਂ ਤੱਕ ਨਹੀਂ ਹੋਵੇਗੀ ਜਦੋਂ ਤੱਕ ਕਿ ਇੱਕ ਮਰੀਜ਼ ਦੀ ਕਿਸੇ ਡਾਕਟਰ ਰਾਹੀਂ ਜਾਂਚ ਨਾ ਕਰ ਲਈ ਗਈ ਹੋਵੇ ਅਤੇ ਉਸਦੀ ਦਸ਼ਾ ਸਥਿਰ ਨਾ ਹੋ ਗਈ ਹੋਵੇ।ਨਾਲ ਹੀ, ਇੱਕ ਸਿਸਟਮ ਸੰਸਥਾ ਮਰੀਜ਼ਾਂ ਲਈ ਇੱਕ ਕ੍ਰੈਡਿਟ ਰਿਪੋਰਟ ਦੀ ਬੇਨਤੀ ਵੀ ਕਰ ਸਕਦੀ ਹੈ ਜਿੰਨਾਂ ਦੀ ਕੋਈ ਆਮਦਨ ਨਾ ਹੋਣ ਦੇ ਤੌਰ ਤੇ ਪਛਾਣ ਕੀਤੀ ਗਈ ਹੈ ਜਾਂ ਜੋ ਸਵੈ-ਨਿਯੋਜਿਤ ਹਨ।ਹੇਠਾਂ ਉਨ੍ਹਾਂ ਪ੍ਰੋਗਰਾਮਾਂ ਦਾ ਸੰਖੇਪ ਦਿੰਦਾ ਹੈ ਜਿੰਨਾਂ ਲਈ ਵਿਅਕਤੀਆਂ ਦੀ ਜਾਂਚ ਕੀਤੀ ਜਾਏਗੀ:

- **ਸਿਹਤ ਬੀਮਾ ਮਾਰਕਿਟ ਪ੍ਲੇਸ: ਪੁੱਜਤਯੋਗ ਕੇਅਰ ਐਕਟ (Affordable Care Act) ਦੀ ਪਾਲਣਾ ਵਿੱਚ, ਮੈਰੀਡਿਅਨ ਹੈਲਥ (Meridian Health) ਪ੍ਰਮਾਣਿਤ ਅਰਜ਼ੀ ਸਲਾਹਕਾਰ ਇਹ ਨਿਰਧਾਰਤ ਕਰਨ ਲਈ ਮਰੀਜ਼ਾਂ ਦੀ ਜਾਂਚ ਕਰਨਗੇ ਕਿ ਕੀ ਉਹ ਮਾਰਕਿਟ ਪਲੇਸ ਦੇ ਰਾਹੀਂ ਬੀਮਾ ਖਰੀਦਣ ਦੇ ਅਤੇ/ਜਾਂ ਬੀਮਾ ਦੀ ਖਰੀਦ ਨਾਲ ਮਦਦ ਕਰਨ ਲਈ ਸੰਘੀ ਸਰਕਾਰ ਤੋਂ ਇੱਕ ਸਬਸਿਡੀ ਪ੍ਰਾਪਤ ਕਰਨ ਦੇ ਯੋਗ ਹਨ।**

- **ਮੈਡੀਕੇਡ:** ਮੈਰੀਡਿਅਨ ਹੈਲਥ ਵਿੱਤੀ ਸਹਾਇਤਾ ਸਲਾਹਕਾਰ ਉਨ੍ਹਾਂ ਮਰੀਜ਼ਾਂ ਦੀ ਅਰਜ਼ੀ ਕਾਰਵਾਈ ਵਿੱਚ ਮਦਦ ਕਰਨਗੇ ਜੋ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ।NJ (ਨਿਊ ਜਰਸੀ) ਸਿਹਤ ਵਿਭਾਗ ਦੇ ਰਾਹੀਂ ਕਈ ਕਿਸਮਾਂ ਦੇ ਮੈਡੀਕੇਡ ਉਪਲੱਬਧ ਹਨ; ਅਸੀਂ ਮਰੀਜ਼ ਦੇ ਹਾਲਾਤਾਂ ਦੇ ਅਨੁਰੂਪ ਸਭ ਤੋਂ ਚੰਗੇ ਪ੍ਰੋਗਰਾਮ ਨੂੰ ਨਿਰਧਾਰਤ ਕਰਨ ਵਿੱਚ ਮਦਦ ਕਰਾਂਗੇ।

- **SSI-ਮੈਡੀਕੇਡ:** ਸਪਲੀਮੈਂਟਸ ਮੈਡੀਕੇਡ ਇੱਕ ਮਹੀਨਾਵਾਰ ਆਮਦਨ ਵਜ਼ੀਫ਼ੇ ਦਾ ਫਾਇਦਾ ਪਹੁੰਚਾਉਂਦੀ ਹੈ, ਜੋ ਬੁਨਿਆਦੀ ਜਰੂਰਤਾਂ ਵਿੱਚ ਮਦਦ ਕਰ ਸਕਦਾ ਹੈ।ਇਨਪੇਸ਼ੈਂਟਾਂ (ਹਸਪਤਾਲ ਵਿੱਚ ਭਰਤੀ ਮਰੀਜ਼ਾਂ) ਅਤੇ ਕੁਝ ਆਊਟਪੇਸ਼ੈਂਟਾਂ (ਜਿਹੜੇ ਹਸਪਤਾਲ ਵਿੱਚ ਭਰਤੀ ਨਹੀਂ ਹਨ) ਜੋ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਲਈ ਅਰਜ਼ੀ ਕਾਰਵਾਈ ਵਿੱਚ ਸਹਾਇਤਾ ਕਰਨ ਲਈ ਆਨਸਾਈਟ ਸਹਾਇਤਾ ਮੌਜੂਦ ਹੈ।

- **NJਫੈਮਿਲੀ ਕੇਅਰ (NJFC- ਐਨ ਜੇ ਐਫ ਸੀ):** FPL ਦੇ 138% ਤੱਕ ਬਾਲਗਾਂ ਅਤੇ ਬੱਚਿਆਂ ਨੂੰ ਕਵਰੇਜ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਪ੍ਰੋਗਰਾਮ।ਮੈਰੀਡਿਅਨ ਹੈਲਥ ਦੇ ਵਿੱਤੀ ਸਹਾਇਤਾ ਸਲਾਹਕਾਰ ਔਨਲਾਈਨ ਅਰਜ਼ੀ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ।

- **ਅਨੁਮਾਨਤ ਯੋਗਤਾ-ਮੈਡੀਕੇਡ:** ਉਨ੍ਹਾਂ ਵਿਅਕਤੀਆਂ ਲਈ ਅਸਥਾਈ ਇੱਕ ਵਾਰ ਪ੍ਰਤੀ ਸਾਲ ਦੀ ਕਵਰੇਜ ਜੋ ਕੁਝ ਬੁਨਿਆਦੀ ਯੋਗਤਾ ਮਾਪਦੰਡ ਪੂਰਾ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਸਿਹਤ ਦੇਖਭਾਲ ਲਾਗਤਾਂ ਨੂੰ ਕਵਰ ਕੀਤਾ ਜਾ ਸਕੇ ਜਦੋਂ ਕਿ NJ ਪਰਿਵਾਰਕ ਦੇਖਭਾਲ ਦਾ ਸਟੇਟ ਆਫ਼ NJ ਦੁਆਰਾ ਨਿਰਧਾਰਨ ਕੀਤਾ ਜਾ ਰਿਹਾ ਹੈ।ਮੈਰੀਡਿਅਨ ਹੈਲਥ ਵਿੱਤੀ ਸਹਾਇਤਾ ਸਲਾਹਕਾਰ ਅਰਜ਼ੀ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ।

- **ਚੈਰਿਟੀ ਕੇਅਰ - NJ ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ:** ਸਿਰਫ਼ ਹਸਪਤਾਲ ਸੇਵਾਵਾਂ ਦੀ ਲਾਗਤਾਂ ਨੂੰ ਕਵਰ ਕਰਨ ਲਈ ਸਹਾਇਤਾ ਪ੍ਰਦਾਨ ਕਰਦਾ ਹੈ।ਮਰੀਜ਼ ਦਾ ਇੱਕ NJFC ਨਾਮਨਜ਼ੂਰੀ ਪੱਤਰ ਪੇਸ਼ ਕਰਨਾ ਜ਼ਰੂਰੀ ਹੈ ਜੋ ਪਛਾਣ ਕਰਦਾ ਹੈ ਕਿ ਮਰੀਜ਼ ਨੂੰ NJFC ਲਈ ਨਾਮਨਜ਼ੂਰ ਕਰ ਦਿੱਤਾ ਗਿਆ ਹੈ ਕਿਉਂਕਿ ਉਸਦੀ ਆਮਦਨ ਵੱਧ ਹੈ ਜਾਂ NJFC ਨਿਯਮਾਂ ਦੇ ਅਨੁਸਾਰ ਰਿਹਾਇਸ਼/ਹੋਰ ਲੋੜਾਂ ਨੂੰ ਪੂਰਾ ਨਹੀਂ ਕਰਦਾ ਹੈ। NJFC ਨਾਲ ਗੈਰ-ਅਨੁਸਰਨ ਕਰਕੇ ਨਾਮਨਜ਼ੂਰੀ ਚੈਰਿਟੀ ਕੇਅਰ ਦੀ ਮਨਜ਼ੂਰੀ ਦਿੱਤੇ ਜਾਣ ਲਈ ਕਾਫ਼ੀ ਨਹੀਂ ਹੈ। ਮਰੀਜ਼ਾਂ ਨੂੰ NJFC 10:52, ਉਪ ਅਧਿਆਇ 11, 12, 13 ਵਿੱਚ ਸਥਾਪਤ ਨਿਯਮਾਂ ਦੇ ਅਧਾਰ ਤੇ ਆਮਦਨ, ਪਾਰਿਵਾਰਕ ਆਕਾਰ ਅਤੇ ਸੰਪਤੀ ਜਾਣਕਾਰੀ ਦਰਜ਼ ਕਰਨ ਲਈ ਕਿਹਾ ਜਾਂਦਾ ਹੈ। ਵਿੱਤੀ ਸਹਾਇਤਾ ਦੀ ਬੇਨਤੀ ਕਰਨ ਵਾਲੇ ਮਰੀਜ਼ਾਂ ਨੂੰ ਇੱਕ ਔਨਸਾਈਟ ਵਿੱਤੀ ਸਹਾਇਤਾ ਸਲਾਹਕਾਰ ਕੋਲ ਵਿਚਾਰ ਕਰਨ ਲਈ ਭੇਜਿਆ ਜਾਂਦਾ ਹੈ।

- **ਬਿਨਾਂ ਬੀਮੇ ਵਾਲੇ ਛੂਟ ਵਾਲੀਆਂ ਦਰਾਂ** – ਹੇਠਾਂ ਵੇਖੋ।

## IV. ਚੈਰਿਟੀ ਕੇਅਰ ਯੋਗਤਾ ਲਈ ਲੋੜਾਂ

ਨਿਊ ਜਰਸੀ ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ (ਚੈਰਿਟੀ ਕੇਅਰ ਸਹਾਇਤਾ) ਮੁਫ਼ਤ ਹੈ ਜਾਂ ਘੱਟੇ ਹੋਏ ਮੁੱਲ ਤੇ ਪ੍ਰਾਪਤ ਦੇਖਭਾਲ ਹੈ ਜੋ ਨਿਊ ਜਰਸੀ ਰਾਜ ਭਰ ਵਿੱਚ ਗੰਭੀਰ ਦੇਖਭਾਲ ਹਸਪਤਾਲਾਂ ਵਿਖੇ ਇਨਪੇਸ਼ੇਂਟ (ਹਸਪਤਾਲ ਵਿੱਚ ਭਰਤੀ ਮਰੀਜ਼ਾਂ) ਅਤੇ ਆਊਟਪੇਸ਼ੇਂਟ (ਜਿਹੜੇ ਹਸਪਤਾਲ ਵਿੱਚ ਭਰਤੀ ਨਹੀਂ ਹਨ) ਸੇਵਾਵਾਂ ਪ੍ਰਾਪਤ ਕਰਨ ਵਾਲੇ ਮਰੀਜ਼ਾਂ ਨੂੰ ਪ੍ਰਦਾਨ ਕੀਤੀ ਜਾਂਦੀਆਂ ਹਨ।ਚੈਰਿਟੀ ਕੇਅਰ ਐਮਰਜੈਂਸੀ ਲਈ ਅਤੇ ਡਾਕਟਰੀ ਤੌਰ ਤੇ ਜ਼ਰੂਰੀ ਹਸਪਤਾਲ ਦੇਖਭਾਲ ਲਈ ਉਪਲੱਬਧ ਹੈ। ਨਿਊ ਜਰਸੀ ਪ੍ਰਸ਼ਾਸਨਕ ਕੋਡ 10:49-5.1 ਦੇ ਅਨੁਸਾਰ, ਮਰੀਜ਼ ਦੀ ਹਾਲਤ ਦੀ ਮੈਡੀਕਲ ਲੋੜ ਦਾ ਨਿਰਧਾਰਨ ਉਸ ਵੇਲੇ ਮੌਜੂਦ ਡਾਕਟਰ ਜਾਂ ਕਿਸੇ ਹੋਰ ਪ੍ਰੈਕਟੀਸ਼ਨਰ ਦੁਆਰਾ ਅਤੇ ਆਮ ਤੌਰ 'ਤੇ ਸਿਹਤ ਪੇਸ਼ੇਵਰ ਦੁਆਰਾ ਮਾਨਤਾ ਪ੍ਰਾਪਤ ਅਤੇ ਨਿਊ ਜਰਸੀ ਮੈਡੀਕੇਡ ਪ੍ਰੋਗਰਾਮ ਦੁਆਰਾ ਲਾਗੂ ਕੀਤੇ ਗਏ ਮਿਆਰਾਂ ਅਨੁਸਾਰ ਕੀਤਾ ਜਾਂਦਾ ਹੈ। ਆਊਟਪੇਸ਼ੇਂਟ ਦਵਾਈਆਂ ਦੇ ਨੁਸਖੇ ਅਤੇ ਹੋਰ ਫਾਲੋ-ਅਪ ਦੇਖਭਾਲ ਹਸਪਤਾਲ ਦੇ ਖ਼ਰਚਿਆਂ ਤੋਂ ਵੱਖ ਹਨ ਅਤੇ ਉਹ ਚੈਰਿਟੀ ਕੇਅਰ ਪ੍ਰੋਗਰਾਮ ਦੇ ਤਹਿਤ ਕਮੀ ਕੀਤੇ ਜਾਣ ਦੇ ਯੋਗ ਨਹੀਂ ਹੈ।ਵਿੱਤੀ ਜਰੂਰਤ NJFC 10:52, ਉਪ ਅਧਿਆਇ 11, 12, 13 ਚੈਰਿਟੀ ਕੇਅਰ ਅਰਜ਼ਿਆਂ, ਪ੍ਰਵਾਨਗੀ, ਬਿਲਿੰਗ ਅਤੇ ਸੰਸਾਧਨ ਦੇ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ।

ਚੈਰਿਟੀ ਕੇਅਰ ਸਹਾਇਤਾ ਨਿਊ ਜਰਸੀ ਦੇ ਉਨ੍ਹਾਂ ਨਿਵਾਸੀਆਂ ਲਈ ਉਪਲੱਬਧ ਹੈ ,ਜਿੰਨਾਂ ਕੋਲ:

1. ਕੋਈ ਸਿਹਤ ਕਵਰੇਜ ਨਹੀਂ ਹੈ ਜਾਂ ਅਜਿਹੀ ਕਵਰੇਜ ਹੈ ਜੋ ਬਿੱਲ ਦੇ ਕੁਝ ਹਿੱਸੇ ਦਾ ਹੀ ਭੁਗਤਾਨ ਕਰਦੀ ਹੈ ; ਅਤੇ
2. ਕਿਸੇ ਵੀ ਨਿੱਜੀ ਜਾ ਸਰਕਾਰ ਰਾਹੀਂ ਪ੍ਰਾਯੋਜਿਤ ਕਵਰੇਜ) ਜਿਵੇਂ ਕਿ ਮੈਡੀਕੇਡ (ਲਈ ਅਯੋਗ ਹਨ ;ਅਤੇ
3. ਹੇਠਾਂ ਦਿੱਤੇ ਗਏ ਆਮਦਨ ਅਤੇ ਸੰਪਤੀ ਦੀ ਯੋਗਤਾ ਨੂੰ ਪੂਰਾ ਕਰਦੇ ਹਨ।

ਚੈਰਿਟੀ ਕੇਅਰ ਉਨ੍ਹਾਂ ਗੈਰ-ਨਿਊ ਜਰਸੀ ਵਾਸੀਆਂ ਲਈ ਵੀ ਉਪਲੱਬਧ ਹੈ ਜੋ ਸਿਰਫ਼ ਸੇਵਾ ਦੀ ਤਾਰੀਖ਼ ਨਾਲ ਸਬੰਧਤ ਹੈ, ਖਾਸ ਪ੍ਰਾਵਧਾਨਾਂ ਦੇ ਅਧੀਨ ਹੈ, ਅਤੇ ਕੁਝ ਮਿਆਦ ਲਈ ਵੈਧ ਨਹੀਂ ਹੈ।

**A. ਆਮਦਨ ਯੋਗਤਾ** ਘਰੇਲੂ ਆਮਦਨ ਵਿੱਚ ਤਨਖ਼ਾਹ, ਮਜ਼ਦੂਰੀ, ਵਪਾਰ ਅਤੇ ਨਿਵੇਸ਼ ਆਮਦਨ ਸ਼ਾਮਲ ਹੈ ਜੋ ਟੈਕਸ ਦੇ ਮਕਸਦ ਕਰਕੇ ਰਿਪੋਰਟ ਕਰਨ ਲਾਇਕ ਹੈ। ਘਰੇਲੂ ਸਦੱਸਾਂ ਵਿੱਚ ਬਿਨੈਕਾਰ, ਜੀਵਨ-ਸਾਥੀ, ਕੋਈ ਨਾਬਾਲਗ ਬੱਚੇ ਜਿੰਨਾਂ ਨੂੰ ਉਹ ਆਰਥਕ ਤੌਰ ਤੇ ਸਹਾਇਤਾ ਪ੍ਰਦਾਨ ਕਰਦਾ ਜਾਂ ਕਰਦੀ ਹੈ ਅਤੇ ਕੋਈ ਵੀ ਬਾਲਗ ਜਿੰਨਾਂ ਲਈ ਬਿਨੈਕਾਰ ਕਾਨੂੰਨੀ ਤੌਰ ਤੇ ਜ਼ਿੰਮੇਵਾਰ ਹੈ। Medicaid.gov ਤੇ ਹੇਠਾਂ ਦਿੱਤਾ ਲਿੰਕ ਸੰਘੀ ਗਰੀਬੀ ਪੱਧਰ ਨਾਲ ਸਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ। https://www.medicaid.gov/medicaid-chip-program-information/by-topics/eligibility/eligibility.html

| ਆਮਦਨ ਹੇਠਾਂ ਦੇ ਇੱਕ ਪ੍ਰਤੀਸ਼ਤ ਦੇ ਤੌਰ ਤੇ HHS (ਐਚ ਐਚ ਐਸ ) ਗਰੀਬੀ ਸਬੰਧੀ ਆਮਦਨ ਸਬੰਧੀ ਦਿਸ਼ਾ-ਨਿਰਦੇਸ਼ | ਮੈਡੀਕੇਡ ਦਰ ਦਾ ਪ੍ਰਤੀਸ਼ਤ ਮਰੀਜ਼ ਦੁਆਰਾ ਭੁਗਤਾਨ ਕੀਤਾ ਗਿਆ |
|---|---|
| 200% ਤੋਂ ਘੱਟ ਜਾਂ ਬਰਾਬਰ | ਮੈਡੀਕੇਡ ਦਰ ਦਾ 0% |
| 200% ਤੋਂ ਵੱਧ ਲੇਕਿਨ 225% ਤੋਂ ਘੱਟ ਜਾਂ ਬਰਾਬਰ | ਮੈਡੀਕੇਡ ਦਰ ਦਾ 20% |
| 225% ਤੋਂ ਵੱਧ ਲੇਕਿਨ 250% ਤੋਂ ਘੱਟ ਜਾਂ ਬਰਾਬਰ | ਮੈਡੀਕੇਡ ਦਰ ਦਾ 40% |
| 250% ਤੋਂ ਵੱਧ ਲੇਕਿਨ 275% ਤੋਂ ਘੱਟ ਜਾਂ ਬਰਾਬਰ | ਮੈਡੀਕੇਡ ਦਰ ਦਾ 60% |
| 275% ਤੋਂ ਵੱਧ ਲੇਕਿਨ 300% ਤੋਂ ਘੱਟ ਜਾਂ ਬਰਾਬਰ | ਮੈਡੀਕੇਡ ਦਰ ਦਾ 80% |
| 300% ਤੋਂ ਵੱਧ | ਬਿਨਾਂ ਬੀਮੇ ਵਾਲੀ ਛੂਟ ਦੀ ਦਰ |

20% ਤੋਂ 80% ਸਲਾਇਡਿੰਗ ਫ਼ੀਸ ਸਕੇਲ (ਅਸਥਿਰ ਫੀਸ ਪੈਮਾਨਾ) ਵਾਲੇ ਮਰੀਜ਼ਾਂ ਲਈ ਕੋਈ ਵਿੱਤੀ ਜ਼ਿੰਮੇਵਾਰੀ ਨਹੀਂ ਹੋਵੇਗੀ, ਜਿੰਨਾਂ ਦੀ ਬਕਾਇਆ ਰਾਸ਼ੀ (ਜਿਵੇਂ ਕਿ, ਮਰੀਜ਼ ਦੁਆਰਾ ਭੁਗਤਾਨ ਕੀਤੀ ਜਾਣ ਵਾਲੀਆਂ ਧਨ-ਰਾਸ਼ੀਆਂ) ਉਨ੍ਹਾਂ ਦੀ ਕੁੱਲ

ਸਾਲਾਨਾ ਆਮਦਨ ਦੇ 30% ਤੋਂ ਵੱਧ ਹੈ।30% ਦੀ ਸੀਮਾ ਤੋਂ ਵੱਧ ਦੀਆਂ ਧਨ-ਰਾਸ਼ੀਆਂ ਪੂਰੀ ਤਰ੍ਹਾਂ ਮੁਆਫ਼ ਕਰ ਦਿੱਤੀਆਂ ਜਾਣਗੀਆਂ।

### B. ਸੰਪਤੀ ਯੋਗਤਾ

ਵਿਅਕਤੀਗਤ ਸੰਪਤੀ $7,500 ਤੋਂ ਵੱਧ ਨਹੀਂ ਹੋ ਸਕਦੀ ਅਤੇ ਪਾਰਿਵਾਰਕ ਸੰਪਤੀ $15,000 ਤੋਂ ਵੱਧ ਨਹੀਂ ਹੋ ਸਕਦੀ।ਸੰਪਤੀਆਂ ਉਹ ਚੀਜ਼ਾਂ ਹਨ ਜੋ ਨਕਦ ਹਨ ਜਾਂ ਅਸਾਨੀ ਨਾਲ ਨਕਦੀ ਵਿੱਚ ਬਦਲੀਆਂ ਜਾ ਸਕਦੀਆਂ ਹਨ।ਇਸ ਵਿੱਚ ਸ਼ਾਮਲ ਹਨ, ਲੇਕਿਨ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ, ਨਕਦੀ, ਬਚਤ ਅਤੇ ਚੈਕਿੰਗ ਖਾਤੇ, ਸਰਟੀਫਿਕੇਟ ਆਫ਼ ਡਿਪਾਜ਼ਿਟ, ਟ੍ਰੇਜ਼ਰੀ ਬਿੱਲਸ, ਸਮਝੌਤਾ ਕਾਗਜ਼, ਕੌਰਪੋਰੇਟ ਸਟਾਕ ਅਤੇ ਬੌਂਡਸ, ਵਿਅਕਤੀਗਤ ਰਿਟਾਇਰਮੇਂਟ ਖਾਤੇ (IRAs), ਟ੍ਰਸਟ ਫੰਡਸ, ਅਤੇ ਬਿਨੈਕਾਰ ਜਾਂ ਪਰਿਵਾਰ ਦੀ, ਜੇ ਲਾਗੂ ਹੁੰਦਾ ਹੈ, ਮੁੱਖ ਰਿਹਾਇਸ਼ ਤੋਂ ਇਲਾਵਾ ਕਿਸੇ ਅਚਲ ਸੰਪਤੀ ਵਿੱਚ ਇਕੁਇਟੀ।ਜੇ ਕਿਸੇ ਬਿਨੈਕਾਰ ਦੀ ਸੰਪਤੀਆਂ ਇਨ੍ਹਾਂ ਸੀਮਾਵਾਂ ਤੋਂ ਵੱਧ ਹਨ, ਤਾਂ ਉਹ ਹਸਪਤਾਲ ਦੇ ਬਿੱਲ ਵੱਲ ਅਤੇ ਹੋਰ ਪਰਵਾਨਿਤ ਜੇਬ ਤੋਂ ਕੀਤੇ ਜਾਣ ਵਾਲੇ ਮੈਡੀਕਲ ਖ਼ਰਚਿਆਂ ਦਾ ਭੁਗਤਾਨ ਕਰਕੇ ਪਾਤਰ ਸੀਮਾਵਾਂ ਤੱਕ ਇਨ੍ਹਾਂ ਸੰਪਤੀਆਂ ਨੂੰ "ਖਰਚ ਕਰਕੇ ਘਟਾ" ਸਕਦਾ/ਸਕਦੀ ਹੈ।

### C. ਐਮਰਜੈਂਸੀ ਜਾਂ ਮੈਡੀਕਲ ਤੌਰ ਤੇ ਜ਼ਰੂਰੀ ਦੇਖਭਾਲ ਲਈ ਆਮ ਤੌਰ ਤੇ ਬਿੱਲ ਕੀਤੀ ਜਾਣ ਵਾਲੀਆਂ ਧਨ ਰਾਸ਼ੀਆਂ (AGB) ਨੂੰ ਨਿਰਧਾਰਤ ਕਰਨ ਲਈ ਵਰਤੇ ਜਾਣ ਵਾਲੇ ਤਰੀਕੇ

ਸਿਸਟਮ ਹਸਪਤਾਲ ਆਉਟਪੇਸ਼ੇਂਟ ਅਤੇ ਇਨਪੇਸ਼ੇਂਟ ਚੈਰਿਟੀ ਕੇਅਰ ਦਾਅਵਿਆਂ ਦਾ ਮੁੱਲ ਨਿਰਧਾਰਨ NJAC 10:52-1.6, ਕਵਰਡ ਸੇਵਾਵਾਂ (ਇਨਪੇਸ਼ੇਂਟ ਅਤੇ ਆਉਟਪੇਸ਼ੇਂਟ ਸੇਵਾਵਾਂ) ਅਤੇ NJAC 10:52-4, ਭੁਗਤਾਨ ਦੇ ਅਧਾਰ 'ਤੇ ਅਧਾਰਤ ਹਸਪਤਾਲ ਦੇ ਆਉਟਪੇਸ਼ੇਂਟ ਅਤੇ ਇਨਪੇਸ਼ੇਂਟ ਹਸਪਤਾਲ ਸੇਵਾਵਾਂ ਲਈ ਨਿਊ ਜਰਸੀ ਮੈਡੀਕੇਡ ਪ੍ਰੋਗਰਾਮ ਦੀਆਂ ਕੀਮਤਾਂ ਅਤੇ ਪ੍ਰੋਗਰਾਮ ਨੀਤੀਆਂ ਤੇ ਅਧਾਰਤ ਹੁੰਦਾ ਹੈ।ਸੰਘੀ ਟੈਕਸ ਕਾਨੂੰਨਾਂ ਦੇ ਮਕਸਦਾਂ ਲਈ, ਅਜਿਹੀਆਂ ਸੇਵਾਵਾਂ ਲਈ AGB ਦਾ ਨਿਰਧਾਰਨ ਉਸ ਵੇਲੇ ਦੀਆਂ ਲਾਗੂ ਹੋਣ ਵਾਲੀਆਂ ਮੈਡੀਕੇਡ ਦਰਾਂ ਦੀ ਵਰਤੋਂ ਕਰਕੇ ਇੱਕ ਸੰਭਾਵੀ ਅਧਾਰ ਤੇ ਨਿਰਧਾਰਤ ਕੀਤਾ ਜਾਏਗਾ।ਮਰੀਜ਼ ਜੋ ਪੂਰੇ ਤੋਂ ਘੱਟ ਰਾਈਟ-ਆਫ਼ ਲਈ ਯੋਗ ਹਨ, ਉਨ੍ਹਾਂ ਨੂੰ ਲਾਗੂ ਹੋਣ ਵਾਲੀਆਂ ਮੈਡੀਕੇਡ ਦਰਾਂ ਦਾ ਇੱਕ ਪ੍ਰਤੀਸ਼ਤ ਚਾਰਜ ਕੀਤਾ ਜਾਏਗਾ; ਇਸੇ ਅਨੁਸਾਰ, ਚੈਰਿਟੀ ਕੇਅਰ ਪ੍ਰਾਪਤ ਕਰਨ ਵਾਲੇ ਸਾਰੇ ਮਰੀਜ਼ਾਂ ਨੂੰ AGB ਤੋਂ ਘੱਟ ਚਾਰਜ ਕੀਤਾ ਜਾਏਗਾ।

ਚੈਰਿਟੀ ਕੇਅਰ ਪ੍ਰਾਪਤ ਕਰਨ ਦੇ ਯੋਗ ਮਰੀਜ਼ਾਂ ਨੂੰ ਜਾਰੀ ਕੀਤੇ ਜਾਣ ਵਾਲੇ ਬਿਲਿੰਗ ਬਿਓਰੇ ਕੁੱਲ ਖ਼ਰਚਿਆਂ ਨੂੰ ਭੱਤੇ, ਛੂਟਾ ਅਤੇ ਕਟੌਤੀਆਂ ਲਈ ਇੱਕ ਸ਼ੁਰੂਆਤੀ ਪੁਆਇੰਟ ਦੇ ਤੌਰ ਤੇ ਦੱਸਣਗੇ।

## V. NJ ਚੈਰਿਟੀ ਕੇਅਰ ਲਈ ਆਵੇਦਨ ਕਰਨ ਲਈ ਤਰੀਕਾ

ਸਿਸਟਮ ਵਿੱਤੀ ਸਹਾਇਤਾ ਪ੍ਰੋਗਰਾਮਾਂ ਬਾਰੇ ਮਰੀਜ਼ ਨੂੰ ਸੂਚਨਾ ਦੇਣ ਵਾਲੀਆਂ ਲੋੜਾਂ ਦੀ ਪਾਲਣਾ ਕਰਦਾ ਹੈ ਜੋ ਉਨ੍ਹਾਂ ਮਰੀਜ਼ਾਂ ਲਈ ਉਪਲੱਬਧ ਹਨ, ਜੋ NJAC 10:52, ਉਪ ਅਧਿਆਇ 11, 12, 13 ਵਿੱਚ ਸਥਾਪਤ ਨਿਯਮਾਂ ਦੇ ਅਧਾਰ ਤੇ ਸਹਾਇਤਾ ਪ੍ਰੋਗਰਾਮਾਂ ਲਈ ਯੋਗ ਹਨ।

ਚੈਰਿਟੀ ਕੇਅਰ ਲਈ ਇੱਕ ਬੇਨਤੀ ਅਤੇ ਆਰਥਕ ਜਰੂਰਤ ਦਾ ਨਿਰਧਾਰਨ ਕਿਸੇ ਵੀ ਵੇਲੇ ਕੀਤਾ ਜਾ ਸਕਦਾ ਹੈ, ਜੋ ਕਿਸੇ ਮਰੀਜ਼ ਦੇ ਇੱਕ ਮੈਡੀਕਲ ਵਿਜ਼ਿਟ ਦੀ ਸ਼ੁਰੂਆਤ ਤੋਂ ਲੈ ਕੇ ਸੇਵਾ ਦੀ ਤਾਰੀਖ਼ ਦੇ ਦੋ ਵਰ੍ਹਿਆ ਤੱਕ ਕਦੇ ਵੀ ਹੋ ਸਕਦਾ ਹੈ।ਯੋਗਤਾ ਸੇਵਾ ਦੀ ਤਾਰੀਖ਼ ਤੋਂ ਸ਼ੁਰੂ ਹੁੰਦੀ ਹੈ ਅਤੇ ਯੋਗਤਾ ਦੀ ਮਿਆਦ ਪ੍ਰਾਪਤ ਹੋਣ ਵਾਲੀ ਚੈਰਿਟੀ ਦੀ ਕਿਸਮ ਤੇ ਅਧਾਰਤ ਹੁੰਦੀ ਹੈ - ਹੇਠਾਂ ਵੇਖੋ।

- ਸਿਰਫ਼ ER (ਮੁਢਲੀ ਸਹਾਇਤਾ ਕੇਂਦਰ) ਚੈਰਿਟੀ - ਐਮਰਜੈਂਸੀ ਰੂਮ ਤੋਂ ਭਰਤੀ ਹੋਏ ਇਨਪੇਸ਼ੇਂਟਾਂ ਲਈ, ਸਿਰਫ਼ ਉਸ ਹਸਪਤਾਲ ਵਿੱਚ ਠਹਿਰਣ ਦੀ ਮਿਆਦ ਤੱਕ ਲਾਗੂ ਹੈ।

- 3 ਮਹੀਨੇ ਦੀ ਚੈਰਿਟੀ - ਆਉਟਪੇਸ਼ੇਂਟ/ਦੇਖ-ਰੇਖ ਲਈ - ਉਹ ਮਰੀਜ਼ ਜੋ NJFC ਪ੍ਰਾਪਤ ਕਰਨ ਦੇ ਯੋਗ ਹਨ। ਚੈਰਿਟੀ ਕੇਅਰ ਦੀ ਇਹ ਕਿਸਮ ਮਰੀਜ਼ਾਂ ਨੂੰ ਕਿਸੇ ਵਾਧੂ ਸੇਵਾਵਾਂ ਲਈ ਕਵਰ ਕਰਦੀ ਹੈ ਜਿਸਦੀ ਉਨ੍ਹਾਂ ਨੂੰ ਹਸਪਤਾਲ ਤੋਂ ਅਗਲੇ 3 ਮਹੀਨਿਆਂ ਵਿੱਚ ਲੋੜ ਪੈਂਦੀ ਹੈ ਜਦੋਂ ਕਿ ਉਹ NJFC ਪ੍ਰਵਾਨਗੀ ਦਾ ਇੰਤਜ਼ਾਰ ਕਰ ਰਹੇ ਹਨ।

- ਇੱਕ ਸਾਲ ਤੱਕ, ਹੈਲਥਕੇਅਰ ਐਕਸਚੇਂਜ (Healthcare Exchange) ਲਈ ਅਗਲੀ ਓਪਨ ਭਰਤੀ ਦੀ ਮਿਆਦ ਦੀ ਤਾਰੀਖ਼ ਤੋਂ ਅੱਗੇ ਨਹੀਂ ਵੱਧ ਸਕਦਾ - ਉਹ ਮਰੀਜ਼ ਜੋ NJFC ਦੇ ਯੋਗ ਨਹੀਂ ਹੋ ਸਕਦੇ (ਜਿਵੇਂ ਕਿ, ਪਹਿਲਾਂ ਤੋਂ ਬੀਮਾ ਹੈ ਲੇਕਿਨ ਕੋਈ ਸੈਕੰਡਰੀ, ਬਿਨਾਂ ਦਸਤਾਵੇਜ਼ੀ, ਮੈਡੀਕੇਅਰ ਕੋਈ ਸੈਕੰਡਰੀ ਨਹੀਂ, ਉਹ ਵਿਅਕਤੀ ਜੋ ਮਾਰਕਿਟ ਪਲੇਸ ਦੇ ਯੋਗ ਹੋ ਸਕਦੇ ਹਨ ਲੇਕਿਨ ਮਾਰਕਿਟ ਪਲੇਸ ਦੇ ਬੰਦ ਹੋਣ ਦੇ ਕਾਰਨ ਬੇਨਤੀ ਨਹੀਂ ਕਰ ਸਕਦੇ)।

ਚੈਰਿਟੀ ਕੇਅਰ ਅਰਜ਼ਿਆਂ ਅਤੇ ਵਿਭਾਗ ਦੀ ਸੰਪਰਕ ਜਾਣਕਾਰੀ ਸਿਸਟਮ ਸੰਸਥਾ ਦੀ ਸੁਵਿਧਾਵਾਂ ਤੇ ਉਪਲੱਬਧ ਹਨ, http://www.meridianhealth.com/about-meridian/your-bill/index.aspx ‘ਤੇ ਜਾ ਕੇ, ਅਤੇ ਹਸਪਤਾਲ ਦੇ ਸਟਾਫ਼ ਨੂੰ ਸੰਪਰਕ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।ਸਿਸਟਮ ਸੰਸਥਾਵਾਂ ਨੇ ਵਿੱਤੀ ਸਹਾਇਤਾ ਦੇ ਦਫ਼ਤਰ ਜਰਸੀ ਸ਼ੋਰ ਯੂਨੀਵਰਸਿਟੀ ਮੈਡੀਕਲ ਸੈਂਟਰ, ਨੈਪਚੂਨ, ਓਸ਼ਿਅਨ ਮੈਡੀਕਲ ਸੈਂਟਰ, ਬ੍ਰਿਕ, ਰਿਵਰਵੀਯੂ ਮੈਡੀਕਲ ਸੈਂਟਰ, ਰੈਡ ਬੈਂਕ, ਸਦਰਨ ਓਸ਼ਿਅਨ ਮੈਡੀਕਲ ਸੈਂਟਰ, ਮਨਾਹੌਕਿਨ, ਬੇਸ਼ੋਰ ਕਮਯੂਨਿਟੀ ਹਾਸਪਿਟਲ, ਹੋਲਮਡੇਲ, ਮੈਰੀਡਿਅਨ ਫੈਮਿਲੀ ਹੈਲਥ ਸੈਂਟਰ, ਨੈਪਚੂਨ, ਜੇਨ ਐਚ ਬੁਕਰ ਫੈਮਿਲੀ ਹੈਲਥ ਸੈਂਟਰ, ਨੈਪਚੂਨ, ਨੈਪਚੂਨ ਬੁਕਰ ਬਿਹੇਵਰਲ ਹੈਲਥ ਸੈਂਟਰ, ਸ਼ਿਰੂਸਬਰੀ, ਪਾਰਕਵੇ 100 ਬਿਹੇਵਰਲ ਹੈਲਥ ਸੈਂਟਰ, ਨੈਪਚੂਨ, ਅਤੇ ਰੈਰੀਟਨ ਬੇਅ ਮੈਡੀਕਲ ਸੈਂਟਰ, 530 ਨਿਊ ਬਰਨਸਵਿਕ ਐਵਨਯੂ, ਪਰਥ ਐਮਬੋਏ।ਵਿੱਤੀ ਸਹਾਇਤਾ ਸਲਾਹਕਾਰ ਇਨ੍ਹਾਂ ਥਾਂਵਾਂ ਤੇ ਇੰਟਰਵੀਯੂ ਲਈ ਅਤੇ ਸਵਾਲਾਂ ਦੇ ਜਵਾਬ ਦੇਣ ਲਈ ਅਤੇ ਹੋਰ ਅਰਜ਼ੀ ਦੇ ਫਾਰਮਾਂ ਨੂੰ ਮੁਕੰਮਲ ਕਰਨ ਵਿੱਚ ਮਦਦ ਕਰਨ ਲਈ ਸਾਈਟ ਤੇ ਮੌਜੂਦ ਹੁੰਦੇ ਹਨ।ਮਿਲਣ ਦਾ ਸਮਾਂ (ਮੁਲਾਕਾਤ) ਤੈਅ ਕਰਨ ਲਈ, ਬਿਨੈਕਾਰਾਂ ਨੂੰ 732-212-6505 ਤੇ ਫ਼ੋਨ ਕਰਨਾ ਚਾਹੀਦਾ ਹੈ। ਬਿਨੈਕਾਰਾਂ ਦਾ ਉੱਚਿਤ ਸਿਸਟਮ ਸੰਸਥਾ ਨੂੰ ਪੂਰੀ ਕੀਤੀ ਹੋਈ ਚੈਰਿਟੀ ਕੇਅਰ ਅਰਜ਼ੀ ਦੇਣਾ ਜ਼ਰੂਰੀ ਹੈ।ਜ਼ਰੂਰੀ ਦਸਤਾਵੇਜ਼ਾਂ ਵਿੱਚ ਪਛਾਣ, ਇਹ ਸਬੂਤ ਕਿ ਉਹ ਨਿਊ ਜਰਸੀ ਵਿੱਚ ਸੇਵਾ ਲੈਣ ਦੇ ਸਮੇਂ ਤੋਂ ਰਹਿ ਰਿਹਾ/ਰਹੀ ਹੈ ਅਤੇ ਉਸਦਾ ਰਾਜ ਵਿੱਚ ਹੀ ਰਹਿਣ ਦਾ ਇਰਾਦਾ ਹੈ, ਸੇਵਾ ਦੀ ਤਾਰੀਖ਼ ਤੋਂ ਇੱਕ ਮਹੀਨੇ ਪਹਿਲਾਂ ਲਈ ਆਮਦਨ ਦਾ ਸਬੂਤ, ਬੈਂਕ ਸਟੇਟਮੈਂਟਾਂ ਜਿੰਨਾਂ ਵਿੱਚ ਸੇਵਾ ਦੀ ਤਾਰੀਖ਼ ਤੇ ਬਕਾਇਆ ਰਾਸ਼ੀ ਸ਼ਾਮਲ ਹੋਵੇ, ਅਤੇ ਜਮਾ ਕੀਤੀ ਗਈ ਤਾਰੀਖ਼ ਨੂੰ ਪ੍ਰਮਾਣਿਤ ਕਰਦੀ ਇੱਕ ਦਸਤਖ਼ਤ ਕੀਤੀ ਹੋਈ ਅਰਜ਼ੀ ਸ਼ਾਮਲ ਹਨ। ਪੂਰੀ ਕੀਤੀ ਗਈ ਅਰਜ਼ੀ ਕਿਸੇ ਵੀ ਸਿਸਟਮ ਸੰਸਥਾ ਦੀ ਸੁਵਿਧਾ ਤੇ ਡਾਕ ਰਾਹੀਂ, ਈ-ਮੇਲ ਰਾਹੀਂ, ਨਿੱਜੀ ਤੌਰ ਤੇ ਪਹੁੰਚਾਈ ਜਾ ਸਕਦੀ ਹੈ ਜਾਂ ਟੇਲੀਫ਼ੋਨ ਰਾਹੀਂ ਟ੍ਰਾਂਸਕ੍ਰਾਇਬ ਕੀਤੀ ਜਾ ਸਕਦੀ ਹੈ (ਮੂਲ ਦਸਤਖ਼ਤ ਵਾਲੀ ਅਰਜ਼ੀ ਬਾਅਦ ਵਿੱਚ ਭੇਜੀ ਜਾਏਗੀ)।

ਸਾਰੇ ਜ਼ਰੂਰੀ ਦਸਤਾਵੇਜ਼ਾਂ ਦੇ ਪ੍ਰਾਪਤ ਹੋਣ ਤੇ, ਬੇਨਤੀ ਨੂੰ ਫੌਰਨ ਸੰਸਾਧਿਤ ਕੀਤਾ ਜਾਏਗਾ ਅਤੇ ਬਿਨੈਕਾਰ ਨੂੰ ਅਰਜ਼ੀ ਪ੍ਰਾਪਤ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਸਥਿਤੀ ਬਾਰੇ ਸੂਚਿਤ ਕੀਤਾ ਜਾਏਗਾ।ਜੇ ਅਰਜ਼ੀ ਨਾਲ ਨਿਰਧਾਰਨ ਕਰਨ ਲਈ ਬਹੁਤੇਰੇ ਦਸਤਾਵੇਜ਼ ਸ਼ਾਮਲ ਨਹੀਂ ਹਨ, ਤਾਂ ਬਿਨੈਕਾਰ ਨੂੰ 10 ਕੰਮਕਾਰੀ ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਏਗਾ ਕਿ ਅਰਜ਼ੀ ਨੂੰ ਪੂਰਾ ਕਰਨ ਲਈ ਹੋਰ ਕੀ ਲੋੜ ਹੈ।ਅਖੀਰ ਵਿੱਚ, ਸਾਰੇ ਬਿਨੈਕਾਰਾਂ ਨੂੰ ਨਿਰਧਾਰਨ ਬਾਰੇ ਲਿਖਿਤ ਰੂਪ ਵਿੱਚ ਸੂਚਿਤ ਕੀਤਾ ਜਾਏਗਾ।ਜੇ ਮਰੀਜ਼ ਨੂੰ ਛੂਟ ਵਾਲੀ, ਲੇਕਿਨ ਮੁਫ਼ਤ ਨਹੀਂ, ਦੇਖਭਾਲ ਪ੍ਰਾਪਤ ਕਰਨ ਦੇ ਤੌਰ ਤੇ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਮਰੀਜ਼ ਨੂੰ ਇੱਕ ਬਿਓਰਾ ਦਿੱਤਾ ਜਾਏਗਾ ਜਿਸ ਵਿੱਚ ਉਸ ਨੂੰ ਦੇਖਭਾਲ ਲਈ ਕਿੰਨੀ ਬਕਾਇਆ ਰਾਸ਼ੀ ਦੇਣੀ ਹੈ ਅਤੇ ਉਸਦਾ ਨਿਰਧਾਰਨ ਕਿਵੇਂ ਕੀਤਾ ਗਿਆ ਹੈ, ਬਾਰੇ ਦੱਸਿਆ ਜਾਏਗਾ।

ਕੋਈ ਬਿਨੈਕਾਰ ਜਾਂ ਜ਼ਿੰਮੇਵਾਰ ਪੱਖ ਆਊਟਪੇਸ਼ੇਂਟ ਸੇਵਾਵਾਂ ਜਾਂ ਇਨਪੇਸ਼ੇਂਟ ਡਿਸਚਾਰਜ ਦੀ ਤਾਰੀਖ਼ ਤੋਂ 24 ਮਹੀਨਿਆਂ ਤੱਕ ਕਿਸੇ ਵੀ ਵੇਲੇ ਚੈਰਿਟੀ ਕੇਅਰ ਦੇ ਨਿਰਧਾਰਨ ਲਈ ਇੱਕ ਪੂਰੀ ਕੀਤੀ ਹੋਈ ਅਰਜ਼ੀ ਨੂੰ ਸਬਮਿਟ ਕਰ ਸਕਦਾ ਹੈ।

ਕੋਈ ਸਿਸਟਮ ਸੰਸਥਾ ਵਿੱਤੀ ਸਹਾਇਤਾ/ਚੈਰਿਟੀ ਕੇਅਰ ਕਾਰਵਾਈ ਵਿੱਚ ਵੇਰਵਿਤ ਸਬੂਤਾਂ ਤੋਂ ਇਲਾਵਾ ਕਿਸੇ ਹੋਰ ਸਬੂਤ ਦੇ ਅਧਾਰ ਤੇ ਚੈਰਿਟੀ ਕੇਅਰ ਦੀ ਮਨਜ਼ੂਰੀ ਦੇ ਸਕਦੀ ਹੈ ਅਤੇ ਦਸਤਖ਼ਤ ਕੀਤੀ ਹੋਈ ਤਸਦੀਕ ਦੇ ਅਧਾਰ ਤੇ ਮਨਜ਼ੂਰੀ ਦਿੱਤੀ ਜਾ ਸਕਦੀ ਹੈ ਭਾਵੇਂ ਵਿੱਤੀ ਸਹਾਇਤਾ ਕਾਰਵਾਈ ਜਾਂ ਚੈਰਿਟੀ ਕੇਅਰ ਅਰਜ਼ੀ ਅਜਿਹੇ ਸਬੂਤ ਦਾ ਵਰਣਨ ਨਾ ਕਰਦੀ ਹੋਵੇ। ਕਿਸੇ ਵਿਅਕਤੀ ਕੋਲੋਂ ਜਾਣਕਾਰੀ ਜਾਂ ਤਾਂ ਲਿਖਤੀ ਰੂਪ ਵਿੱਚ ਜਾਂ ਮੌਖਿਕ ਰੂਪ (ਜਾਂ ਦੋਵੇਂ ਰੂਪਾਂ ਵਿੱਚ) ਪ੍ਰਾਪਤ ਕੀਤੀ ਜਾ ਸਕਦੀ ਹੈ।ਕੋਈ ਸਿਸਟਮ ਸੰਸਥਾ ਵਿਅਕਤੀ ਦੁਆਰਾ ਦਿੱਤੀ ਗਈ ਜਾਂ ਪਿਛਲੀ ਚੈਰਿਟੀ ਕੇਅਰ ਅਰਜ਼ੀ ਵਿੱਚ ਦਿੱਤੀ ਜਾਣਕਾਰੀ ਦੇ ਅਧਾਰ ਤੇ ਸਹਾਇਤਾ ਦੀ ਮਨਜ਼ੂਰੀ ਦੇ ਸਕਦੀ ਹੈ, ਜੇ ਅਜਿਹੀ ਜਾਣਕਾਰੀ ਮੌਜੂਦਾ ਅਰਜ਼ੀ ਲਈ ਢੁੱਕਵੀਂ ਹੋਵੇ। ਇੱਕ ਸਿਸਟਮ ਸੰਸਥਾ ਕ੍ਰੈਡਿਟ ਬਿਓਰੇ ਜਾਂ ਹੋਰ ਬਾਹਰਲੇ ਸੋਮਿਆਂ ਤੋਂ ਜਾਣਕਾਰੀ ਦੀ ਵਰਤੋਂ ਕਰ ਸਕਦੀ ਹੈ।

ਮਰੀਜ਼, ਜੋ ਛੂਟ ਵਾਲੀਆਂ, ਪਰ ਮੁਫ਼ਤ ਨਹੀਂ, ਦਰਾਂ ਤੇ ਚੈਰਿਟੀ ਕੇਅਰ ਲਈ ਯੋਗ ਹਨ, ਨੂੰ ਬਕਾਇਆ ਕਿਸੇ ਵੀ ਰਾਸ਼ੀ ਲਈ ਕੁੱਲ ਖ਼ਰਚਿਆਂ ਤੇ ਬਿੱਲ ਨਹੀਂ ਕੀਤਾ ਜਾਏਗਾ।ਵਿੱਤੀ ਸਮੀਖਿਆ ਦੇ ਅਧਾਰ 'ਤੇ ਮਰੀਜ਼ ਤੋਂ ਮੈਡੀਕੇਡ ਅਦਾਇਗੀ ਦੀ ਦਰ ਦਾ 20%, 40%, 60% ਜਾਂ 80% ਚਾਰਜ ਕੀਤਾ ਜਾਏਗਾ।

ਨਾਮਨਜ਼ੂਰ ਕੀਤੇ ਗਏ ਚੈਰਿਟੀ ਕੇਅਰ ਬਿਨੈਕਾਰਾਂ ਨੂੰ ਨਾਮਨਜ਼ੂਰੀ ਦੇ ਕਾਰਨਾਂ ਬਾਰੇ ਲਿਖਿਤ ਰੂਪ ਵਿੱਚ ਸੂਚਿਤ ਕੀਤਾ ਜਾਏਗਾ ਅਤੇ ਬਿਨਾਂ ਬੀਮੇ ਵਾਲੇ ਛੂਟਾਂ ਦੀ ਉਪਲਬਧਤਾ ਬਾਰੇ ਸੂਚਿਤ ਕੀਤਾ ਜਾਏਗਾ।

## VI. ਛੂਟ ਵਾਲੀਆਂ ਦਰਾਂ ਤੇ ਬਿਨਾਂ ਬੀਮੇ ਵਾਲੇ ਮੁੱਲ ਨਿਰਧਾਰਨ

ਸਿਸਟਮ ਸੰਸਥਾ ਉਨ੍ਹਾਂ ਮਰੀਜ਼ਾਂ ਲਈ ਬਿਨਾਂ ਬੀਮੇ ਵਾਲੇ ਆਪਣੇ ਆਪ ਭੁਗਤਾਨ ਲਈ ਮੁੱਲ ਨਿਰਧਾਰਨ ਬਣਾਏ ਰੱਖੇਗੀ ਜਿੰਨਾਂ ਕੋਲ ਕੋਈ ਬੀਮਾ ਨਹੀਂ ਹੈ ਅਤੇ ਜੋ NJ ਚੈਰਿਟੀ ਕੇਅਰ ਦੇ ਯੋਗ ਨਹੀਂ ਹਨ।ਜਦੋਂ ਕਿ ਡਾਕਟਰ ਦੀਆਂ ਫ਼ੀਸਾਂ ਚੈਰਿਟੀ ਕੇਅਰ ਛੂਟਾਂ ਪ੍ਰਾਪਤ ਕਰਨ ਦੇ ਯੋਗ ਹੋ ਸਕਦੀਆਂ ਹਨ, ਪਰ ਡਾਕਟਰ ਦੀਆਂ ਫ਼ੀਸਾਂ ਬਿਨਾਂ ਬੀਮੇ ਵਾਲੇ ਸਵੈਂ ਭੁਗਤਾਨ ਛੂਟ ਦੇ ਯੋਗ ਨਹੀਂ ਹਨ।ਬਿਨਾਂ ਬੀਮੇ ਵਾਲੇ ਸਵੈਂ ਭੁਗਤਾਨ ਲਈ ਮੁੱਲ ਨਿਰਧਾਰਨ ਦੇ ਤਹਿਤ ਕਵਰਡ ਹਸਪਤਾਲ ਸੇਵਾਵਾਂ ਵਿੱਚ ਇਨਪੇਸ਼ੇਂਟ, ਆਊਟਪੇਸ਼ੇਂਟ ਸਰਜਰੀ, ਪ੍ਰਸੂਤੀ, ਆਵਰਤੀ ਸੇਵਾਵਾਂ, ਆਊਟਪੇਸ਼ੇਂਟ ਕਾਰਵਾਈਆਂ, ਐਮਰਜੈਂਸੀ ਵਿਭਾਗ, ਆਊਟਪੇਸ਼ੇਂਟ ਨੈਦਾਨਿਕ ਪਰੀਖਣ ਅਤੇ ਪ੍ਰਯੋਗਸ਼ਾਲਾ ਸੇਵਾਵਾਂ ਸ਼ਾਮਲ ਹਨ ਅਤੇ ਕੌਸਮੈਟਿਕ ਸੇਵਾਵਾਂ ਜਾਂ ਹੋਰ ਕੋਈ ਡਾਕਟਰੀ ਤੌਰ ਤੇ ਗੈਰ-ਜ਼ਰੂਰੀ ਸੇਵਾਵਾਂ ਸ਼ਾਮਲ ਨਹੀਂ ਹਨ। ਆਪਣੇ ਆਪ ਭੁਗਤਾਨ ਲਈ ਮੁੱਲ ਨਿਰਧਾਰਨ ਨੂੰ ਇੱਕ ਕਮੇਟੀ ਦੁਆਰਾ ਬਰਕਰਾਰ ਰੱਖਿਆ ਜਾਏਗਾ ਜੋ ਮਰੀਜ਼ ਵਿੱਤ ਸੇਵਾਵਾਂ, ਪਹੁੰਚ ਸੇਵਾਵਾਂ, ਮਰੀਜ਼ ਲੇਖਾ, ਅਤੇ ਪ੍ਰਬੰਧਨ ਤੋਂ ਨੁਮਾਇੰਦੀਆਂ ਨੂੰ ਮਿਲਾ ਕੇ ਬਣੀ ਹੁੰਦੀ ਹੈ।

ਬਿਨਾਂ ਬੀਮੇ ਵਾਲੇ ਮਰੀਜ਼ਾਂ ਲਈ ਮੁੱਲ-ਨਿਰਧਾਰਨ ਜੋ ਚੈਰਿਟੀ ਕੇਅਰ ਦੇ ਯੋਗ ਨਹੀਂ ਹੁੰਦੇ ਹਨ ਉਹ ਮੈਡੀਕੇਅਰ ਫੀਸ-ਲਈ-ਸੇਵਾ ਅਦਾਇਗੀ ਦਰਾਂ 'ਤੇ ਅਧਾਰਿਤ ਹੋਣਗੀਆਂ।ਬਿਨਾਂ ਬੀਮੇ ਵਾਲੇ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਐਮਰਜੈਂਸੀ ਅਤੇ ਡਾਕਟਰੀ ਤੌਰ ਤੇ ਜ਼ਰੂਰੀ ਸੇਵਾਵਾਂ ਲਈ AGB ਉਸ ਵੇਲੇ ਅਸਲ ਵਿੱਚ ਲਾਗੂ ਮੈਡੀਕੇਅਰ ਫੀਸ-ਲਈ-ਸੇਵਾ ਦੀ ਦਰਾਂ ਦੀ ਵਰਤੋਂ ਕਰਕੇ ਨਿਰਧਾਰਤ ਕੀਤੀ ਜਾਏਗੀ (ਇਹ ਮੰਨਦੇ ਹੋਏ ਕਿ ਪੂਰੀ ਰਕਮ ਦਾ ਭੁਗਤਾਨ ਮੈਡੀਕੇਅਰ ਅਤੇ ਮਰੀਜ਼ ਕਰੇਗਾ ਜੇ ਮਰੀਜ਼ ਇੱਕ ਮੈਡੀਕੇਅਰ ਲਾਭਪਾਤਰੀ ਹੁੰਦਾ)।ਇਸ ਅਨੁਸਾਰ, ਕਿਸੇ ਵੀ ਬੀਮਾ ਰਹਿਤ ਛੂਟ ਪ੍ਰਾਪਤ ਮਰੀਜ਼ ਨੂੰ AGB ਤੋਂ ਵੱਧ ਚਾਰਜ ਨਹੀਂ ਕੀਤਾ ਜਾਏਗਾ।

ਬੀਮਾ ਰਹਿਤ ਛੂਟ ਪ੍ਰਾਪਤ ਕਰ ਰਹੇ ਮਰੀਜ਼ਾਂ ਨੂੰ ਦਿੱਤੇ ਗਏ ਬਿਲਿੰਗ ਬਿਓਰੇ ਕੁੱਲ ਖ਼ਰਚਿਆਂ ਨੂੰ ਭੱਤੇ, ਛੂਟਾਂ ਅਤੇ ਕਟੌਤੀਆਂ ਲਈ ਇੱਕ ਸ਼ੁਰੂਆਤੀ ਪੁਆਇੰਟ ਦੇ ਤੌਰ ਤੇ ਦੱਸਣਗੇ।

ਮਾਨਕ ਖ਼ਰਚਿਆਂ ਦੀ ਸੂਚੀ ਸਿਰਫ਼ ਉਨ੍ਹਾਂ ਮਰੀਜ਼ਾਂ ਲਈ ਹੈ ਜਿੰਨਾਂ ਕੋਲ ਬੀਮਾ ਨਹੀਂ ਹੈ।ਕੋਈ ਵੀ ਮਰੀਜ਼ ਜਿਸ ਕੋਲ ਇੱਕ ਗੈਰ-ਐਮਰਜੈਂਸੀ ਵਾਲੀ ਮੁਲਾਕਾਤ ਨਿਰਧਾਰਤ ਕਰਨ ਵੇਲੇ, ਹਸਪਤਾਲ ਵਿੱਚ ਰਜ਼ਿਸਟ੍ਰੇਸ਼ਨ ਤੋਂ ਪਹਿਲਾਂ ਜਾਂ ਰਜ਼ਿਸਟ੍ਰੇਸ਼ਨ ਵੇਲੇ ਬੀਮਾ ਨਹੀਂ ਹੈ, ਉਸ ਨੂੰ:

a. ਉਨ੍ਹਾਂ ਦੀਆਂ ਅਨੁਮਾਨਤ ਸੇਵਾਵਾਂ ਲਈ ਮੈਡੀਕੇਅਰ ਫ਼ੀਸ-ਫਾਰ-ਸਰਵਿਸ ਦਰ ਬਾਰੇ ਦੱਸਣਾ ਅਤੇ ਉਨ੍ਹਾਂ ਨੂੰ ਪਹਿਲਾਂ ਹੀ ਕ੍ਰੈਡਿਟ ਕਾਰਡ, ਨਕਦੀ ਜਾਂ ਚੈਕ ਰਾਹੀਂ ਭੁਗਤਾਨ ਕਰਨ ਲਈ ਕਿਹਾ ਜਾਏਗਾ।

b. ਸਲਾਹ ਦਿੱਤੀ ਜਾਏਗੀ, ਕਿ ਜੇ ਉਹ ਪਹਿਲਾਂ ਭੁਗਤਾਨ ਕਰਨ ਵਿੱਚ ਅਸਮਰੱਥ ਹੈ, ਤਾਂ Meridian Health (ਮੈਰੀਡਿਅਨ ਹੈਲਥ) ਵਿੱਤੀ ਸਲਾਹਕਾਰ ਨਾਲ ਇੱਕ ਮੁਲਾਕਾਤ ਤੈਅ ਕਰੇ, ਤਾਂ ਜੋ ਨਿਰਧਾਰਤ ਕੀਤਾ ਜਾ ਸਕੇ ਕਿ ਕੀ ਉਹ ਵਿਅਕਤੀ NJ ਫੈਮਿਲੀ ਕੇਅਰ ਜਾਂ ਚੈਰਿਟੀ ਕੇਅਰ ਦੀ ਯੋਗਤਾ ਨੂੰ ਪੂਰਾ ਕਰਦਾ ਹੈ।ਇਨ੍ਹਾਂ ਵਿਅਕਤੀਆਂ ਨੂੰ ਆਪਣੀਆਂ ਮੁਲਾਕਾਤਾਂ ਨੂੰ ਮੁੜ ਤੈਅ ਕਰਨ ਦੀ ਲੋੜ ਪੈ ਸਕਦੀ ਹੈ ਜਦੋਂ ਤੱਕ ਕਿ ਜਾਂਚ/ਅਰਜ਼ੀ ਦੀ ਕਾਰਵਾਈ ਪੂਰੀ ਨਹੀਂ ਹੋ ਜਾਂਦੀ।

ਕੋਈ ਵੀ ਆਪਣੇ ਆਪ ਭੁਗਤਾਨ ਕਰਨ ਵਾਲਾ ਮਰੀਜ਼ ਜੋ ਕਿਸੇ ਆਊਟਪੇਸ਼ੇਂਟ ਸਰਜਰੀ, ਇਨਪੇਸ਼ੇਂਟ, ਪ੍ਰਸੂਤੀ ਜਾਂ ਆਵਰਤੀ ਸੇਵਾ ਲਈ ਪਹਿਲਾਂ ਭੁਗਤਾਨ ਕੀਤੀ ਗਈ ਅਨੁਮਾਨਤ ਰਾਸ਼ੀ ਦੀ ਅਦਾਇਗੀ ਕਰਦਾ ਹੈ, ਉਸਨੂੰ ਸਲਾਹ ਦਿੱਤੀ ਜਾਏਗੀ ਕਿ ਉਨ੍ਹਾਂ ਦਾ ਪਹਿਲਾਂ ਕੀਤਾ ਗਿਆ ਭੁਗਤਾਨ ਇੱਕ ਅਨੁਮਾਨਤ ਖਰਚਾ ਮੰਨਿਆ ਜਾਂਦਾ ਹੈ।ਅਸਲ ਫੀਸਾਂ ਅਤੇ ਖ਼ਰਚੇ ਵਿਅਕਤੀ ਦੇ ਹਾਲਾਤਾਂ ਅਤੇ ਕਲੀਨਿਕਲ ਨਤੀਜੇ ਤੇ ਅਧਾਰਿਤ ਹੋ ਕੇ ਵੱਖ-ਵੱਖ ਹੋ ਸਕਦੇ ਹਨ।ਇਸ ਬਿੱਲ ਦੀ ਮਰੀਜ਼ ਲੇਖਾ ਵਿਭਾਗ ਦੁਆਰਾ ਸਮੀਖਿਆ ਕੀਤੀ ਜਾਵੇਗੀ ਅਤੇ ਵਾਧੂ ਖ਼ਰਚਿਆਂ ਲਈ ਮਰੀਜ਼ ਨੂੰ ਸੇਵਾ ਦਰਾਂ ਲਈ ਮੈਡੀਕੇਅਰ ਫੀਸ-ਲਈ-ਸੇਵਾ ਦੇ ਅਧਾਰ 'ਤੇ ਬਕਾਇਆ ਬਿੱਲ ਕੀਤਾ ਜਾਏਗਾ।

## VII. ਸਮੁਦਾਇ ਵਿੱਚ ਵਿੱਤੀ ਸਹਾਇਤਾ ਨੀਤੀ ਦਾ ਵਿਆਪਕ ਪ੍ਰਸਾਰ ਕਰਨ ਦੇ ਤਰੀਕੇ

ਇਹ ਯਕੀਨੀ ਬਣਾਉਣ ਲਈ ਕਿ ਸਿਸਟਮ ਦੁਆਰਾ ਸੇਵਾ ਪ੍ਰਦਾਨ ਕੀਤੇ ਜਾਣ ਵਾਲੇ ਸਮੁਦਾਇ ਨੂੰ ਵਿੱਤੀ ਸਹਾਇਤਾ/ਚੈਰਿਟੀ ਕੇਅਰ ਪ੍ਰੋਗਰਾਮਾਂ ਬਾਰੇ ਪਤਾ ਹੋਵੇ, ਸਾਰੇ ਬਿਲਿੰਗ ਬਿਓਰਿਆਂ ਅਤੇ ਉਗਾਹੀ ਪੱਤਰਾਂ ਤੇ ਸਾਰੇ ਪ੍ਰੋਗਰਾਮਾਂ ਦੀ ਉਪਲਬਧਤਾ ਬਾਰੇ ਇੱਕ ਖਾਸ ਨੋਟਿਸ ਦਿੱਤਾ ਜਾਂਦਾ ਹੈ (FAP ਅਤੇ ਅਰਜ਼ੀ ਕਾਰਵਾਈ ਬਾਰੇ ਜਾਣਕਾਰੀ ਲਈ ਇੱਕ ਫ਼ੋਨ ਨੰਬਰ ਅਤੇ ਉਸ ਵੈਬਸਾਇਟ ਸਮੇਤ ਜਿੱਥੇ FAP ਦੀਆਂ ਕਾਪਿਆਂ, ਅਰਜ਼ੀ ਅਤੇ PLS ਮੌਜੂਦ ਹਨ)।

ਵਿੱਤੀ ਸਹਾਇਤਾ ਸਬੰਧੀ ਨੋਟਿਸ ਐਮਰਜੈਂਸੀ ਰੂਮਾਂ, ਤਤਕਾਲ ਦੇਖਭਾਲ ਕੇਂਦਰਾਂ, ਦਾਖ਼ਲੇ ਅਤੇ ਪੰਜੀਕਰਨ ਵਿਭਾਗਾਂ, ਅਤੇ ਮਰੀਜ਼ ਲਈ ਵਿੱਤੀ ਸੇਵਾਵਾਂ ਦੇ ਦਫ਼ਤਰਾਂ ਵਿੱਚ ਪੋਸਟ ਕੀਤੇ ਜਾਂਦੇ ਹਨ ਜੋ ਹਰ ਕੈਂਪਸ ਤੇ ਸਥਿਤ ਹਨ। ਇਸ ਨੀਤੀ ਦੀ ਕਾਗਜ਼ੀ ਕਾਪੀਆਂ, ਇਸ ਨੀਤੀ ਦੀ ਇੱਕ ਸਰਲ ਭਾਸ਼ਾ ਸੰਖੇਪ (ਐਕਜ਼ੀਬਿਟ B ਵੇਖੋ), ਅਤੇ ਵਿੱਤੀ ਸਹਾਇਤਾ ਅਰਜ਼ੀ ਇਨ੍ਹਾਂ ਸਾਰੀਆਂ ਥਾਂਵਾਂ ਤੇ ਉਪਲੱਬਧ ਹਨ।ਉਪ੍ਰੋਕਤ ਸਮੱਗਰੀ (ਸਿਸਟਮ ਦੀ ਬਿਲਿੰਗ ਅਤੇ ਉਗਾਹੀ ਨੀਤੀ ਦੇ ਨਾਲ-ਨਾਲ) ਅੰਗਰੇਜ਼ੀ ਵਿਚ ਅਤੇ ਉਨ੍ਹਾਂ ਹੋਰ ਸਾਰੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ ਜੋ ਸਮੁਦਾਇ ਦੀ 1,000 ਤੋਂ ਘੱਟ ਜਾਂ 5% ਦੇ ਪੱਧਰ ਨੂੰ ਪੂਰਾ ਕਰਦਾ ਹੋਵੇ, ਜਿਵੇਂ ਕਿ ਸਿਸਟਮ ਦੇ ਅੰਦਰ ਦੇ ਹਰੇਕ ਹਸਪਤਾਲ ਤੇ ਲਾਗੂ ਹੁੰਦਾ ਹੈ।ਸਿਸਟਮ ਸੰਸਥਾਵਾਂ ਭਾਸ਼ਾ ਦੁਭਾਸ਼ਿਆ ਅਤੇ ਅਨੁਵਾਦ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਅਤੇ ਨਜ਼ਰ, ਬੋਲਣ, ਸੁਣਨ ਜਾਂ ਬੋਧ ਅਪੰਗਤਾ ਵਾਲੇ ਮਰੀਜ਼ਾਂ ਨੂੰ ਅਜਿਹੇ ਢੰਗ ਵਿੱਚ ਜਾਣਕਾਰੀ ਪ੍ਰਦਾਨ ਕਰਦੀਆਂ ਹਨ ਜੋ ਮਰੀਜ਼ ਦੀ ਲੋੜਾਂ ਨੂੰ ਪੂਰਾ ਕਰਦਾ ਹੋਵੇ। ਵਿੱਤੀ ਸਲਾਹਕਾਰ ਸਾਮੁਦਾਇਕ ਆਉਟਰੀਚ ਪ੍ਰੋਗਰਾਮ ਵਿੱਚ ਭਾਗੀਦਾਰੀ ਕਰਨਗੇ ਤਾਂ ਜੋ ਪੱਕਾ ਕੀਤਾ ਜਾ ਸਕੇ ਕਿ ਵਿੱਤੀ ਸਹਾਇਤਾ ਦੀ ਉਪਲਬਧਤਾ ਬਾਰੇ ਉਸ ਆਬਾਦੀ ਨੂੰ ਦੱਸਿਆ ਗਿਆ ਹੈ ਜਿਸਨੂੰ ਵਿੱਤੀ ਸਹਾਇਤਾ ਦੀ ਸਭ ਤੋਂ ਜ਼ਿਆਦਾ ਲੋੜ ਹੋਣ ਦੀ ਸੰਭਾਵਨਾ ਹੈ। ਸਰਲ ਭਾਸ਼ਾ ਸੰਖੇਪ ਨੂੰ ਸਾਮੂਦਾਇਕ ਕੇਂਦਰਾਂ, ਚਰਚਾਂ, ਜਨਤਕ ਇਕੱਠ ਖੇਤਰਾਂ ਅਤੇ ਸਾਮੂਦਾਇਕ ਕਾਰਜਕ੍ਰਮਾਂ ਵਿੱਚ ਉਪਲੱਬਧ ਕਰਵਾਇਆ ਅਤੇ ਪੋਸਟ ਕੀਤਾ ਜਾਂਦਾ ਹੈ।

ਇਹ ਨੀਤੀ (ਸਰਲ ਭਾਸ਼ਾ ਸੰਖੇਪ ਵੀ ਸ਼ਾਮਲ ਹੈ), ਵਿੱਤੀ ਸਹਾਇਤਾ ਅਰਜ਼ੀ, ਅਤੇ ਸਿਸਟਮ ਦੀ ਬਿਲਿੰਗ ਅਤੇ ਉਗਾਹੀ ਨੀਤੀ Meridian Health (ਮੇਰੀਡਿਅਨ ਹੈਲਥ) ਦੀ ਵੈਬਸਾਈਟ http://www.meridianhealth.com/about-meridian/your-bill/index.aspx 'ਤੇ ਪੋਸਟ ਕੀਤੀ ਗਈ ਹੈ ਅਤੇ ਬੇਨਤੀ ਕਰਨ ਤੇ ਮੁਫ਼ਤ ਉਪਲੱਬਧ ਹਨ।ਗਾਈਡ ਵਿੱਚ ਸਾਰੇ NJ ਮੈਡੀਕੇਡ ਪ੍ਰੋਗਰਾਮਾਂ, SSI ਮੈਡੀਕੇਡ, NJ ਫੈਮਿਲੀ ਕੇਅਰ, ਅਨੁਮਾਨਤ ਯੋਗਤਾ, ਅਤੇ ਚੈਰਿਟੀ ਕੇਅਰ ਬਾਰੇ ਜਾਣਕਾਰੀ ਸ਼ਾਮਲ ਹਨ।

## VIII. ਵੱਖਰੀ, ਲਿਖਤੀ ਬਿਲਿੰਗ ਅਤੇ ਉਗਾਹੀ ਨੀਤੀ

ਜੇ ਤੁਸੀਂ ਆਪਣੇ ਬਿੱਲ ਦਾ ਭੁਗਤਾਨ ਕਰਨ ਵਿੱਚ ਨਾਕਾਮ ਰਹਿੰਦੇ ਹੋ, ਤਾਂ ਤੁਹਾਡੇ ਤੇ ਵੱਖ-ਵੱਖ ਉਗਾਹੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ, ਜਿੰਨਾਂ ਵਿੱਚ ਅਸਾਧਾਰਨ ਉਗਾਹੀ ਕਾਰਵਾਈਆਂ, ਕਾਨੂੰਨੀ ਜਾਂ ਅਦਾਲਤੀ ਕਾਰਵਾਈ ਸਮੇਤ (ਜਿਵੇਂ ਕਿ ਅਦਾਲਤੀ ਫ਼ੈਸਲੇ, ਅਧਿਕਾਰ ਅਤੇ ਜ਼ਬਤ ਕਰਨਾ)। ਹੋਰ ਜਾਣਕਾਰੀ ਲਈ, ਅਸਧਾਰਨ ਉਗਾਹੀ ਕਰਨ ਸਬੰਧੀ ਕਾਰਵਾਈਆਂ ਬਾਰੇ ਸਿਸਟਮ ਦੀ ਨੀਤੀ ਵੇਖੋ, ਜਿਸਦੀ ਇੱਕ ਕਾਪੀ http://www.meridianhealth.com/about-meridian/your-bill/index.aspx 'ਤੇ ਉਪਲੱਬਧ ਹੈ।

## IX. ਨੀਤੀ ਨੂੰ ਲਾਗੂ ਕਰਨ ਅਤੇ ਪਾਲਣਾ ਕਰਨ ਵਾਲਾ ਦਫ਼ਤਰ ਜਾਂ ਪ੍ਰਮਾਣਿਕ ਵਜੂਦ

Meridian Health (ਮੇਰੀਡਿਅਨ ਹੈਲਥ) ਬੋਰਡ ਆਫ਼ ਟ੍ਰਸਟੀਜ਼ ਨੇ ਵਿੱਤ ਵਿਭਾਗ, ਮਰੀਜ਼ ਵਿੱਤੀ ਸੇਵਾਵਾਂ ਦੇ ਉਪ-ਪ੍ਰਧਾਨ (V.P.) ਨੂੰ ਨੀਤੀ ਅਤੇ ਕਾਰਵਾਈਆਂ ਨੂੰ ਲਾਗੂ ਕਰਨ ਅਤੇ ਪਾਲਣਾ ਕਰਨ ਦੇ ਪ੍ਰਮਾਣਿਕ ਵਜੂਦ ਦੇ ਤੌਰ ਤੇ ਕੰਮ ਕਰਨ ਦੀ ਪਰਵਾਨਗੀ ਦਿੱਤੀ ਗਈ ਹੈ।